**SAMPLE,** this page for reference only.

EMPLOYMENT DEVELOPMENT DEPARTMENT
PO BOX 2530
RANCHO CORDOVA, CA 95741-2530

**EDD** Employment Development Department
State of California

## ਪਛਾਣ ਦੀ ਪੁਸ਼ਟੀ ਲਈ ਬੇਨਤੀ

ਪੱਤਰ ਦੀ ਤਾਰੀਖ਼:

ਪ੍ਰਭਾਵੀ ਤਾਰੀਖ਼:

ਦਾਅਵੇਦਾਰ ਦਾ ਨਾਮ ਅਤੇ ਪਤਾ

ਦਾਅਵੇਦਾਰ ਦਾ ਨਾਮ
ਦਾਅਵੇਦਾਰ ਦਾ ਪਤਾ ਸ਼ਹਿਰ,
ਸੀ.ਏ. ਜ਼ਿੱਪ ਕੋਡ

**EDD ਟੋਲ ਫ੍ਰੀ ਫ਼ੋਨ ਨੰਬਰ:**
1-866-401-2849

ਤੁਸੀਂ ਇਹ ਨੋਟਿਸ ਪ੍ਰਾਪਤ ਕਰ ਰਹੇ ਹੋ ਕਿਉਂਕਿ ਰੁਜ਼ਗਾਰ ਵਿਕਾਸ ਵਿਭਾਗ (ਈਡੀਡੀ) ਅਸਮਰੱਥ ਹੈ
ਦਾਅਵਾ ਦਾਇਰ ਕਰਨ ਵੇਲੇ ਮੁਹੱਈਆ ਕੀਤੀ ਗਈ ਜਾਣਕਾਰੀ ਦੇ ਅਧਾਰ 'ਤੇ ਜਦੋਂ ਤੁਹਾਡਾ ਬੇਰੁਜ਼ਗਾਰੀ ਬੀਮਾ (UI) ਦਾ ਦਾਅਵਾ ਕੀਤਾ ਗਿਆ ਸੀ. ਕਿਰਪਾ ਕਰਕੇ ਹੇਠਾਂ ਦਿੱਤੇ ਢੁਕਵੇਂ ਖਾਨੇ ਦੀ ਜਾਂਚ ਕਰੋ:

☐ ਮੈਂ ਉਪਰੋਕਤ ਪ੍ਰਭਾਵੀ ਤਾਰੀਖ਼ ਨੂੰ ਇਹ ਦਾਅਵਾ **ਕੀਤਾ** ਸੀ। ਇਸ ਫ਼ਾਰਮ ਦੇ ਹੇਠਾਂ ਦਿੱਤੇ ਥਾਂ 'ਤੇ ਦਸਤਖ਼ਤ ਕਰਕੇ ਤਾਰੀਖ਼ ਲਿਖੋ ਅਤੇ ਇਸ ਫ਼ਾਰਮ ਦੇ ਪਿਛਲੇ ਪਾਸੇ ਦਿੱਤੇ ਗਏ ਮੰਗ ਪੱਤਰ ਪ੍ਰਮਾਣਕਤਾ ਦਸਤਾਵੇਜ਼ਾਂ ਨਾਲ ਮੁਹੱਈਆ ਕੀਤੇ ਲਿਫ਼ਾਫ਼ੇ ਵਿੱਚ ਇਸ ਨੂੰ ਵਾਪਸ ਭੇਜੋ।

☐ ਮੈਂ ਉਪਰੋਕਤ ਪ੍ਰਭਾਵੀ ਤਾਰੀਖ਼ ਨੂੰ ਦਾਇਰ ਇਹ ਦਾਅਵਾ **ਨਹੀਂ ਕੀਤਾ**। ਇਸ ਫ਼ਾਰਮ ਦੇ ਹੇਠਾਂ ਦਿੱਤੇ ਥਾਂ 'ਤੇ ਦਸਤਖ਼ਤ ਕਰਕੇ ਤਾਰੀਖ਼ ਲਿਖੋ ਅਤੇ ਮੁਹੱਈਆ ਕੀਤੇ ਲਿਫ਼ਾਫ਼ੇ ਵਿੱਚ ਇਸ ਨੂੰ ਵਾਪਸ ਭੇਜੋ। EDD ਸਾਰੀਆਂ ਧੋਖੇਬਾਜ਼ੀ ਵਾਲੀਆਂ ਰਿਪੋਰਟਾਂ ਦੀ ਛਾਣ-ਬੀਣ ਕਰਦਾ ਹੈ।

ਮਹੱਤਵਪੂਰਨ: **ਇਸ ਫ਼ਾਰਮ ਨੂੰ ਭੇਜਣ ਵਾਲੀ ਮੇਲ ਤਾਰੀਖ ਤੋਂ 10 ਦਿਨਾਂ ਦੇ ਵਿੱਚ ਇਸ ਬੇਨਤੀ ਦੀ ਪਾਲਣਾ ਨਾ ਕਰਨ ਦੇ ਨਤੀਜੇ ਵਜੋਂ ਲਾਭਾਂ ਨੂੰ ਨਾਮਨਜ਼ੂਰ ਕੀਤਾ ਜਾਵੇਗਾ।**

ਜਦੋਂ ਤੱਕ ਤੁਸੀਂ ਸਵੀਕਾਰਯੋਗ ਦਸਤਾਵੇਜ਼ ਮੁਹੱਈਆ ਨਹੀਂ ਕਰਦੇ ਉਦੋਂ ਤੱਕ EDD ਲਾਭ ਭੁਗਤਾਨਾਂ ਨੂੰ ਜਾਰੀ ਨਹੀਂ ਕਰ ਸਕੇਗਾ, ਅਤੇ EDD ਨੇ ਤੁਹਾਡੀਆਂ ਦੋਵੇਂ ਪਛਾਣ ਦਸਤਾਵੇਜ਼ਾਂ ਦੀ ਪੁਸ਼ਟੀ ਕਰ ਲਈ ਹੈ ਅਤੇ ਤੁਹਾਡੇ ਵੱਲੋਂ ਦਾਅਵੇ ਦੀ ਅਰਜ਼ੀ ਵੇਲੇ ਮੁਹੱਈਆ ਕੀਤਾ ਗਿਆ ਨੌਂ-ਅੰਕੀ ਸੋਸ਼ਲ ਸੁਰੱਖਿਆ ਨੰਬਰ (SSN) ਤੁਹਾਨੂੰ ਸੋਸ਼ਲ ਸੁਰੱਖਿਆ ਪ੍ਰਸ਼ਾਸਕ (SSA) ਵੱਲੋਂ ਜਾਰੀ ਕੀਤੇ ਗਏ ਨਾਲ ਮੇਲ ਖਾਦਾ ਹੈ।

EDD ਨੂੰ ਦੋ ਕਿਸਮਾਂ ਦੇ ਪਛਾਣ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ, ਜਿਨ੍ਹਾਂ ਨੂੰ ਇਸ ਨੋਟਿਸ ਦੇ ਦੂਜੇ ਪੰਨੇ 'ਤੇ ਸੂਚੀਬੱਧ ਕੀਤਾ ਗਿਆ ਹੈ। **ਨੱਥੀ ਕੀਤੇ ਗਏ *ਪਛਾਣ ਪੁਸ਼ਟੀਕਰਨ ਲਈ ਸਵੀਕਾਰਯੋਗ ਦਸਤਾਵੇਜ਼* (DE 1326CD) ਸਵੀਕਾਰਯੋਗ ਪਛਾਣ ਦਸਤਾਵੇਜ਼ਾਂ ਦੀ ਵੇਰਵੇ ਸਹਿਤ ਉਦਾਹਰਨਾਂ ਮੁਹੱਈਆ ਕਰਦੇ ਹਨ।** ਜੇ ਤੁਸੀਂ ਸਵੀਕਾਰਯੋਗ ਦਸਤਾਵੇਜ਼ਾਂ ਦੀ ਸਪੁਰਦਗੀ ਨਹੀਂ ਕਰਦੇ ਹੋ ਜਾਂ ਦਸਤਾਵੇਜ਼ EDD ਨੂੰ ਤੁਹਾਡੀ ਪਛਾਣ ਸਥਾਪਿਤ ਕਰਨ ਦੀ ਇਜਾਜ਼ਤ ਨਹੀਂ ਦਿੰਦੇ ਹਨ, ਤਾਂ ਤੁਸੀਂ ਲਾਭਾਂ ਨੂੰ ਪ੍ਰਾਪਤ ਕਰਨ ਦੇ ਯੋਗ ਨਹੀਂ ਹੋਵੋਗੇ। ਜੇ ਤੁਹਾਨੂੰ ਪਛਾਣ ਦਸਤਾਵੇਜ਼ਾਂ ਨੂੰ ਮੁਹੱਈਆ ਕਰਨ ਲਈ ਵਾਧੂ ਦਿਨਾਂ ਦੀ ਲੋੜ ਹੈ, ਤਾਂ ਹੋਰ ਸਮੇਂ ਦੀ ਬੇਨਤੀ ਕਰਨ ਲਈ ਇਸ ਨੋਟਿਸ ਦੇ ਦੂੱਜੇ ਪੰਨੇ 'ਤੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ।

**ਆਪਣੇ ਸੁਰੱਖਿਆ ਕਾਰਡ ਦੀ ਕੋਈ ਨਕਲ-ਕਾਪੀ ਨਾ ਭੇਜੋ। ਕਾਰਡ ਜ਼ਰੂਰਤ ਨੂੰ ਪੂਰਾ ਨਹੀਂ ਕਰੇਗਾ।**

**ਦਸਤਖ਼ਤ** ਕਰਕੇ ਸਾਫ਼ ਅਤੇ ਪੜ੍ਹਨਯੋਗ ਪਛਾਣ ਦੀ ਪੁਸ਼ਟੀ ਵਾਲੇ ਦਸਤਾਵੇਜ਼ਾਂ **ਸਮੇਤ** ਇਸ ਫ਼ਾਰਮ ਨੂੰ ਨਾਲ ਦਿੱਤੇ ਲਿਫ਼ਾਫ਼ੇ ਵਿੱਚ ਪਾਕੇ ਇਸ ਨੋਟਿਸ ਦੀ ਮਿਤੀ ਤੋਂ **10 ਦਿਨਾਂ ਦੇ ਅੰਦਰ** ਵਾਪਸ ਭੇਜੋ। ਤੁਹਾਡੇ ਦਾਅਵੇ ਦੀ ਪ੍ਰਕਿਰਿਆ ਵਿੱਚ ਦੇਰੀ ਨੂੰ ਰੋਕਣ ਲਈ ਪਛਾਣ ਦੀ ਪੁਸ਼ਟੀ ਦੇ ਮੁੱਦੇ ਦਾ ਹੱਲ ਹੋ ਜਾਣ ਦੌਰਾਨ ਤੁਹਾਨੂੰ ਹਰ ਹਫ਼ਤੇ ਲਈ ਪ੍ਰਮਾਣਿਤ ਕਰਨਾ ਜਾਰੀ ਰੱਖਣਾ ਚਾਹੀਦਾ ਹੈ ਕਿ ਤੁਸੀਂ ਲਾਭਾਂ ਦਾ ਦਾਅਵਾ ਕਰਨਾ ਚਾਹੁੰਦੇ ਹੋ। ਲਿਫ਼ਾਫ਼ੇ ਵਿੱਚ ਕੋਈ ਹੋਰ EDD ਫ਼ਾਰਮਾਂ ਨੂੰ ਵਾਪਸ ਨਾ ਕਰੋ।

ਮੈਨੂੰ ਸਮਝ ਹੈ ਕਿ ਜੇ ਮੈਂ ਗਲਤ ਬਿਆਨਬਾਜ਼ੀ ਕਰਦਾ ਹਾਂ ਜਾਂ ਲਾਭ ਲੈਣ ਲਈ ਤੱਥਾਂ ਨੂੰ ਰੋਕਦਾ ਹਾਂ ਤਾਂ ਕਨੂੰਨ ਸਜ਼ਾ ਦਿੰਦਾ ਹੈ। ਮੈਂ ਝੂਠ ਦੀ ਸਜ਼ਾ ਦੇ ਅਧੀਨ ਇਹ ਘੋਸ਼ਣਾ ਕਰਦਾ ਹਾਂ ਕਿ ਮੇਰੇ ਵੱਲੋਂ ਮੁਹੱਈਆ ਕੀਤੀ ਜਾ ਰਹੀ ਜਾਣਕਾਰੀ ਅਤੇ ਮੇਰੇ ਵੱਲੋਂ ਸਪੁਰਦ ਕੀਤੇ ਜਾ ਰਹੇ ਦਸਤਾਵੇਜ਼ ਅਸਲੀ ਅਤੇ

| ਆਪਣਾ ਨਾਮ ਲਿਖੋ | ਦਸਤਖ਼ਤ (ਲੋੜੀਂਦਾ) | ਫ਼ੋਨ ਨੰਬਰ | ਤਾਰੀਖ਼ |
|---|---|---|---|

str012

**SAMPLE,** this page for reference only.

**ਲੋੜੀਂਦੇ ਪਛਾਣ ਦਸਤਾਵੇਜ਼**

| |
|---|
| ਮਹੱਤਵਪੂਰਨ: **ਸਪੁਰਦ ਕੀਤੇ ਸਾਰੇ ਦਸਤਾਵੇਜ਼ਾਂ 'ਤੇ ਆਵਦਾ ਸੋਸ਼ਲ ਸੁਰੱਖਿਆ ਨੰਬਰ ਪੂਰਾ ਲਿਖੋ।** |

**ਤੁਹਾਡੇ ਵੱਲੋਂ *ਇੱਕ* ਫ਼ੋਟੋ ਪਛਾਣ ਦੀ ਇੱਕ ਸਾਫ਼ ਅਤੇ ਪੜ੍ਹਨਯੋਗ ਕਾਪੀ ਮੁਹੱਈਆ ਕਰਨੀ ਲਾਜ਼ਮੀ ਹੈ ਜਿਸ 'ਤੇ ਤੁਹਾਡਾ ਨਾਮ, ਜਨਮਮਿਤੀ ਅਤੇ ਫ਼ੋਟੋ ਨੂੰ ਸਪਸ਼ਟ ਤੌਰ 'ਤੇ ਦਰਸਾਈ ਗਈ ਹੋਵੇ** (ਨਾਲ ਨੱਥੀ ਕੀਤੀਆਂ ਸਵੀਕਾਰਯੋਗ ਦਸਤਾਵੇਜ਼ਾਂ ਦੀਆਂ ਉਦਾਹਰਨਾਂ ਦੇਖੋ)।

**ਅਤੇ**

**ਤੁਹਾਡੇ ਵੱਲੋਂ ਹੇਠਾਂ ਦਿੱਤੀ ਸੂਚੀ ਵਿੱਚੋਂ ਘੱਟੋ-ਘੱਟ *ਇੱਕ* ਸਾਫ਼ ਅਤੇ ਪੜ੍ਹਨਯੋਗ ਦਸਤਾਵੇਜ਼ ਮੁਹੱਈਆ ਕਰਨਾ ਵੀ ਲਾਜ਼ਮੀ ਹੈ** (ਨਾਲ ਨੱਥੀ ਕੀਤੀਆਂ ਸਵੀਕਾਰਯੋਗ ਦਸਤਾਵੇਜ਼ਾਂ ਦੀਆਂ ਉਦਾਹਰਨਾਂ ਦੇਖੋ):

- *ਰੁਜ਼ਗਾਰ ਡਾਟਾ* **ਜਾਂ**
- *ਰਿਹਾਇਸ਼ੀ ਪਤੇ ਦੀ ਪੁਸ਼ਟੀ* **ਜਾਂ**
- *SSN ਦੀ ਪੁਸ਼ਟੀ* **ਜਾਂ**
- *ਜਨਮ ਮਿਤੀ ਦੀ ਪੁਸ਼ਟੀ।*

**ਆਪਣੇ ਸੋਸ਼ਲ ਸੁਰੱਖਿਆ ਕਾਰਡ ਦੀ ਕੋਈ ਕਾਪੀ ਨਾ ਭੇਜੋ। ਕਾਰਡ ਜ਼ਰੂਰਤ ਨੂੰ ਪੂਰਾ ਨਹੀਂ ਕਰੇਗਾ।**

ਵਧੀਕ ਸਮੇਂ ਦੀ ਬੇਨਤੀ ਕਰਨਾ

ਤੁਹਾਡੇ ਕੋਲ ਦਸਤਾਵੇਜ਼ਾਂ ਨੂੰ ਇਕੱਠਾ ਕਰਨ ਜਾਂ ਕਿਸੇ ਪ੍ਰਤੀਨਿਧੀ ਦੀ ਸਲਾਹ ਲੈਣ ਲਈ ਹੋਰ ਸਮਾਂ ਮੰਗਣ ਦੀ ਬੇਨਤੀ ਕਰਨ ਦਾ ਅਧਿਕਾਰ ਹੈ। ਜੇ ਤੁਹਾਨੂੰ ਹੋਰ ਸਮਾਂ ਚਾਹੀਦਾ ਹੈ, ਤਾਂ ਤੁਹਾਨੂੰ ਵਧੀਕ ਸਮੇਂ ਦੀ ਬੇਨਤੀ ਕਰਨ ਲਈ ਇਸ ਫ਼ਾਰਮ ਦੀ ਮੇਲ ਮਿਤੀ ਤੋਂ **10 ਦਿਨਾਂ** ਵਿੱਚ ਪੰਨਾ ਨੰਬਰ ਇੱਕ 'ਤੇ ਦਿੱਤੇ ਪਤੇ/ਫ਼ੋਨ ਨੰਬਰ 'ਤੇ EDD ਨਾਲ ਫ਼ੋਨ ਜਾਂ ਮੇਲ ਰਾਹੀਂ ਸੰਪਰਕ ਕਰਨਾ ਚਾਹੀਦਾ ਹੈ। ਜੇ EDD ਵੱਲੋਂ ਲੋੜੀਂਦੇ ਦਸਤਾਵੇਜ਼ 10 ਦਿਨਾਂ ਦੇ ਸਮੇਂ ਸੀਮਾ ਦੇ ਅੰਤ ਤੱਕ ਪ੍ਰਾਪਤ ਨਹੀਂ ਕੀਤੇ ਗਏ, ਜਾਂ ਸਮਾਂ-ਸੀਮਾ ਵਧਾਉਣ ਦੀ ਬੇਨਤੀ ਨਹੀਂ ਕੀਤੀ ਗਈ ਸੀ, ਤਾਂ ਲਾਭਾਂ ਨੂੰ ਖਾਰਜ਼ ਕਰ ਦਿੱਤਾ ਜਾਵੇਗਾ।

ਪਛਾਣ ਪੁਸ਼ਟੀਕਰਨ ਸੰਬੰਧੀ ਸਧਾਰਨ ਗਲਤੀਆਂ

- ਤੁਹਾਡੇ ਵੱਲੋਂ ਆਪਣਾ ਦਾਅਵਾ ਪੇਸ਼ ਕਰਨ ਵੇਲੇ ਮੁਹੱਈਆ ਕੀਤੀ ਗਈ ***ਜਨਮ ਮਿਤੀ*** SSA ਅਤੇ/ਜਾਂ ਮੋਟਰ ਵਾਹਨ ਵਿਭਾਗ (DMV) ਨਾਲੋਂ ਵੱਖਰੀ ਹੈ।
- ਤੁਹਾਡੇ ਵੱਲੋਂ ਆਪਣਾ ਦਾਅਵਾ ਪੇਸ਼ ਕਰਨ ਵੇਲੇ ਮੁਹੱਈਆ ਕੀਤੇ ਗਏ ***ਨਾਮ*** SSA ਅਤੇ DMV ਨਾਲੋਂ ਵੱਖਰਾ ਹੈ। ਤੁਸੀਂ ਸ਼ਾਇਦ ਆਪਣਾ ਨਾਮ ਬਦਲ ਲਿਆ ਹੈ ਅਤੇ SSA ਅਤੇ/ਜਾਂ DMV ਨੂੰ ਸੂਚਿਤ ਨਹੀਂ ਕੀਤਾ।
- ਤੁਹਾਡੇ ਵੱਲੋਂ ਆਪਣਾ ਦਾਅਵਾ ਪੇਸ਼ ਕਰਨ ਵੇਲੇ ਮੁਹੱਈਆ ਕੀਤਾ ਗਿਆ ***SSN*** ਗਲਤ ਹੈ। ਜਦੋਂ ਤੁਸੀਂ ਰੁਜ਼ਗਾਰਦਾਤਾ ਨੂੰ ਆਪਣਾ UI ਦਾਅਵਾ ਪੇਸ਼ ਕੀਤਾ ਜਾਂ ਉਨ੍ਹਾਂ ਨੂੰ ਮੁਹੱਈਆ ਕੀਤਾ ਸੀ ਤਾਂ ਤੁਸੀਂ ਸ਼ਾਇਦ ਨੰਬਰ ਭੁੱਲ ਗਏ ਜਾਂ ਅੱਖਰ ਅੱਗੇ-ਪਿੱਛੇ ਲਿਖ ਗਏ ਸੀ।

EDD ਨੇ SSA ਜਾਂ DMV ਜਾਣਕਾਰੀ ਨੂੰ ਅੱਪਡੇਟ ਨਹੀਂ ਕੀਤਾ। ਜੇ SSA ਜਾਂ DMV ਵਿੱਚ ਤੁਹਾਡੀ ***ਜਨਮਮਿਤੀ*** ਜਾਂ ***ਨਾਮ*** ਦੀ ਵਰਤੋਂ ਤੁਹਾਡੇ SSA ਬਿਆਨ, ਡਰਾਈਵਰ ਲਾਇਸੈਂਸ ਜਾਂ ਫ਼ੋਟੋ ਪਛਾਣ ਪੱਤਰ ਦੀ ਸਮੀਖਿਆ ਦੇ ਅਧਾਰ 'ਤੇ ਗਲਤ ਹੈ, ਤਾਂ ਤਬਦੀਲੀ(ਆਂ) ਕਰਨ ਲਈ ਸਿੱਧੇ SSA ਜਾਂ DMV ਨਾਲ ਸੰਪਰਕ ਕਰੋ। ਤੁਹਾਡੇ ਭੁਗਤਾਨ ਰਿਕਾਰਡਾਂ ਦੀ ਤੁਹਾਡੀ ਸਮੀਖਿਆ ਦੇ ਅਧਾਰ 'ਤੇ ਜੇ ਤੁਹਾਡੇ ਰੁਜ਼ਗਾਰਦਾਤਾ(ਤਿਆਂ) ਕੋਲ ਫ਼ਾਈਲ 'ਤੇ ***SSN*** ਗਲਤ ਹੈ, ਤਾਂ ਸਿੱਧਾ ਆਪਣੇ ਰੁਜ਼ਗਾਰਦਾਤਾ(ਤਿਆਂ) ਨਾਲ ਸੋਧ(ਧਾਂ) ਕਰੋ। ਇਸ ਨੋਟਿਸ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ ਪਛਾਣ ਪ੍ਰਮਾਣੀਕਰਨ ਦੇ ਮੁੱਦੇ ਨੂੰ ਹੱਲ ਕਰਨ ਲਈ ਕੋਈ ਵੀ ਉਪਲਬਧ ਦਸਤਾਵੇਜ਼ EDD ਨੂੰ ਸਪੁਰਦ ਕਰਨਾ ਜਾਰੀ ਰੱਖੋ। ਅੱਪਡੇਟ ਕੀਤੇ ਹੋਏ ਦਸਤਾਵੇਜ਼ ਉਪਲਬਧ ਹੁੰਦੇ ਸਾਰ ਹੀ ਉਨ੍ਹਾਂ ਦੀਆਂ ਕਾਪੀਆਂ ਛੇਤੀ ਤੋਂ ਛੇਤੀ EDD ਨੂੰ ਮੁਹੱਈਆ ਕਰੋ।

ਕੈਲੀਫੋਰਨੀਆ ਬੇਰੁਜ਼ਗਾਰੀ ਬੀਮਾ ਕੋਡ (CUIC) ਦੀ ਧਾਰਾ 1253(a) ਕਹਿੰਦੀ ਹੈ ਕਿ ਲਾਭਾਂ ਲਈ ਸਾਰੇ ਦਾਅਵਿਆਂ ਨੂੰ EDD ਨਿਯਮਾਂ ਦੇ ਅਨੁਸਾਰ ਦਾਇਰ ਕੀਤਾ ਜਾਣਾ ਚਾਹੀਦਾ ਹੈ। CUIC ਦੀ ਧਾਰਾ 1257(a) ਕਹਿੰਦੀ ਹੈ ਕਿ ਜੇ ਕੋਈ ਵਿਅਕਤੀ ਲਾਭ ਪ੍ਰਾਪਤ ਕਰਨ ਲਈ EDD ਨੂੰ ਗਲਤ ਜਾਣਕਾਰੀ ਦਿੰਦਾ ਹੈ, ਤਾਂ ਵਿਅਕਤੀ ਨੂੰ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਿਰਲੇਖ 22, ਕੈਲੀਫੋਰਨੀਆ ਦੇ ਨਿਯਮ, ਧਾਰਾ 1326-2 (b)(2)(a) ਕਹਿੰਦਾ ਹੈ ਕਿ ਜੇ EDD ਕੋਲ ਉਪਲਬਧ ਜਾਣਕਾਰੀ ਇਹ ਸੰਕੇਤ ਦਿੰਦੀ ਹੈ ਕਿ SSN ਕਿਸੇ ਹੋਰ ਵਿਅਕਤੀ ਨਾਲ ਸੰਬੰਧਿਤ ਹੈ ਜਾਂ ਇੱਕ ਵੈਧ ਨੰਬਰ ਨਹੀਂ ਹੈ, ਤਾਂ EDD ਕਿਸੇ ਦਾਅਵਾ ਕਰਤਾ ਨੂੰ SSA ਵੱਲੋਂ ਉਸਨੂੰ ਜਾਰੀ ਕੀਤੇ ਗਏ SSN ਦੀ ਪੁਸ਼ਟੀ ਕਰਨ ਲਈ ਕਹਿ ਸਕਦਾ ਹੈ।